ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ: ਸਿ:) ਪੰਜਾਬ, ਅਜੀਤਗੜ੍ਹ

(ਵਜੀਫਾ ਸਾਖਾ)

ਸੇਵਾ ਵਿਖੇ,

ਸਮੂਹ ਮੰਡਲ ਸਿਖਿਆ ਅਫਸਰ ( ਸੈ: ਸਿ)
ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ: ਸਿ:)
ਸਮੂਹ ਸਕੂਲ ਮੁਖੀ / ਪ੍ਰਿੰਸੀਪਲ ( ਸੈ: ਸਿ)

ਮੀਮੋ ਨੰਬਰ: 26/1 – 2014 ਵ(3)
ਮਿਤੀ: 10-2-2015 ਐਸ. ਏ. ਐਸ. ਨਗਰ।

ਵਿਸ਼ਾ: **ਪੋਸਟ ਮੈਟ੍ਰਿਕ ਟੂ ਐਸ. ਸੀ. ਅਤੇ ਪੋਸਟ ਮੈਟ੍ਰਿਕ ਟੂ ਓ. ਬੀ. ਸੀ. ਸਕੀਮਾਂ ਵੈਬ ਸਾਈਟ ਆਸੀਰਵਾਦ ਪੋਰਟਲ ਤੇ ਪੈਂਡਿੰਗ ਐਪਲੀਕੇਸਨਾਂ ਸਬੰਧੀ।**

ਹਵਾਲਾ: ਇਸ ਦਫਤਰ ਦੇ ਪਤਰ ਨੰਬਰ 26/1 – 2014 ਵ(3) ਮਿਤੀ 15-1-2015 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਸਬੰਧੀ ਲਿਖਿਆ ਜਾਂਦਾ ਹੈ ਕਿ ਆਸ਼ੀਰਵਾਦ ਪੋਰਟਲ ਤੇ ਪੋਸਟ ਮੈਟ੍ਰਿਕ ਟੂ ਐਸ. ਸੀ. ਅਤੇ ਪੋਸਟ ਮੈਟ੍ਰਿਕ ਟੂ ਓ. ਬੀ. ਸੀ. ਸਕੀਮਾਂ ਸਬੰਧੀ ਭਲਾਈ ਵਿਭਾਗ ਵਲੋ ਬਾਰ ਬਾਰ ਪੈਂਡਿੰਗ ਐਪਲੀਕੇਸ਼ਨਾਂ ਭੇਜਣ ਲਈ ਮਿਤੀਆਂ ਵਿਚ ਕਈ ਵਾਰ ਵਾਧਾ ਕੀਤਾ ਗਿਆ ਪਰ ਆਪ ਵਲੋਂ ਅਤੇ ਸੈਂਕਸ਼ਨਿੰਗ ਅਥਾਰਟੀ ਵਲੋਂ ਪੈਂਡਿਗ ਐਪਲੀਕੇਸ਼ਨਾਂ ਸਮੇਂ ਸਿਰ ਨਹੀਂ ਭੇਜੀਆਂ ਗਈਆਂ। ਇਸ ਸਬੰਧੀ ਭਲਾਈ ਵਿਭਾਗ ਵਲੋਂ ਗੰਭੀਰ ਨੋਟਿਸ ਲਿਆ ਗਿਆ ਅਤੇ ਅਨੁਸਾਸਨੀ ਕਾਰਵਾਈ ਕਰਨ ਲਈ ਇਸ ਦਫਤਰ ਨੂੰ ਲਿਖਿਆ ਗਿਆ ਹੈ।

**ਭਲਾਈ ਵਿਭਾਗ ਪੰਜਾਬ,ਚੰਡੀਗੜ੍ਹ ਵਲੋ ਜੋ ਸਮਾਂ ਮਿਤੀ 12-1-15 ਤੋ 18-1-15 ਦਿੱਤਾ ਗਿਆ ਸੀ ਉਸ ਮਿੱਤੀ ਵਿੱਚ ਆਪ ਵਲੋ ਅਤੇ ਸੈਕਸਨਿੰਗ ਅਥਾਰਟੀ ਵਲੋ ਐਪਲੀਕੇਸਨਾਂ ਦੇਰੀ ਨਾਲ ਅੱਗੇ ਫਾਰਵਰਡ ਕੀਤੀਆ ਗਈਆਂ ਹਨ ਇਸ ਤੋ ਇਹ ਜਾਪਦਾ ਹੈ ਕਿ ਆਪ ਦੀ ਅਤੇ ਸੈਕਸਨਿੰਗ ਅਥਾਰਟੀ ਦੀ ਪੱਧਰ ਤੇ ਅਣਗਹਿਲੀ ਕੀਤੀ ਗਈ ਹੈ ਭਵਿੱਖ ਵਿੱਚ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਅਤੇ ਅਜਿਹੀ ਅਣਗਹਿਲੀ ਕਰਨ ਤੋ ਗੁਰੇਜ ਕੀਤਾ ਜਾਵੇ।**

**ਜਿਨ੍ਹਾਂ ਸੰਸਥਾਵਾਂ ਦੇ ਸਕੂਲ/ਇੰਸਟੀਚਿਊਟ ਪੱਧਰ ਤੇ ਪੈਡਿੰਗ ਐਪਲੀਕੇਸਨਾਂ ਹਨ ਉਸ ਦੀ ਜਿੰਮੇਵਾਰੀ ਸਕੂਲ ਪ੍ਰਿੰਸੀਪਲ ਦੀ ਹੈ ਅਤੇ ਜੋ ਵੀ ਨੁਕਸਾਨ ਵਿਦਿਆਰਥੀਆਂ ਦਾ ਹੋਇਆ ਹੈ ਉਸ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੈ ਭਵਿੱਖ ਵਿੱਚ ਇਸ ਨੂੰ ਗੰਭੀਰਤਾ ਨਾਲ ਲਿਆ ਜਾਵੇ।**

10/2/15
ਵਿਸ਼ੇਸ ਕਾਰਜ ਅਫਸਰ (ਵਜੀਫਾ)

ਪਿਠ ਅੰਕਣ ਨੰਬਰ: ਉਕਤ ਮਿਤੀ: ਉਕਤ

**ਉਤਾਰਾ ਡਾਇਰੈਕਟਰ ਅਨਸੂਚਿਤ ਜਾਤੀਆ ਅਤੇ ਪਛੜੀਆਂ ਸ੍ਰੇਣੀਆ ਭਲਾਈ ਵਿਭਾਗ ਪੰਜਾਬ,ਚੰਡੀਗੜ੍ਹ ਨੂੰ ਉਨ੍ਹਾਂ ਦੇ ਪਤਰ ਨੰਬਰ ਸ-17/ 1180-87 ਮਿਤੀ 12-1-2015 ਦੇ ਸਬੰਧ ਵਿਚ ਜੋ ਐਪਲੀਕੇਸਨਾਂ ਮਿਤੀ 12-1-15 ਤੋ 18-1-15 ਦੇ ਸਮੇ ਵਿੱਚ ਫਾਰਵਰਡ ਕੀਤੀਆ ਗਈਆ ਸਨ ਉਹਨਾਂ ਦੀ ਲਿਸਟ ਨਾਲ ਨੱਥੀ ਹੈ ਜਿਸ ਦੀ ਆਪ ਨੇ ਮੰਗ ਕੀਤੀ ਹੈ।**

ਵਿਸ਼ੇਸ ਕਾਰਜ ਅਫਸਰ (ਵਜੀਫਾ)